ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ -34 ਏ,ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਪੰਜਾਬ

ਨੰ: ਏ.ਐਸ.ਪੀ.ਡੀ(ਪ੍ਰੋਕ)/2012/ 83072
ਮਿਤੀ,ਚੰਡੀਗੜ੍ਹ: 2-8.2012

ਵਿਸ਼ਾ: ਸਕੂਲਾਂ ਵਿੱਚ ਅਣਵਰਤੋਂ ਯੋਗ ਪਏ ਸਮਾਨ ਨੂੰ ਵੇਚਣ ਸਬੰਧੀ ।

1.0 ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ ਵਿੱਚ ਬਹੁਤ ਸਾਰਾ ਸਮਾਨ ਜਿਵੇਂ ਕਿ ਟੁੱਟੀਆਂ ਹੋਈਆਂ ਕੁਰਸੀਆਂ, ਡੈਸਕ, ਭਾਂਡੇ ਆਦਿ ਕਮਰਿਆਂ ਵਿੱਚ ਰੱਖੇ ਹੋਏ ਹਨ ਜਿਹਨਾਂ ਦਾ ਹੁਣ ਕੋਈ ਉਪਯੋਗ ਨਹੀਂ ਕੀਤਾ ਜਾ ਸਕਦਾ। ਪਰ ਇਸ ਨਾਲ ਸਕੂਲ ਵਿੱਚ ਬੱਚਿਆਂ ਨੂੰ ਬੈਠਣ ਲਈ ਕਮਰਿਆਂ ਦੀ ਘਾਟ ਹੋ ਜਾਂਦੀ ਹੈ ਅਤੇ ਸਕੂਲ ਵਿੱਚ ਅਣਵਰਤੇ ਪਏ ਪੁਰਾਣੇ ਸਮਾਨ ਕਾਰਨ ਹੋਰ ਵੀ ਕਈ ਦਿੱਕਤਾਂ ਸਾਹਮਣੇ ਆਉਂਦੀਆਂ ਹਨ। ਇਸ ਲਈ ਆਪ ਜੀ ਨੂੰ ਹਦਾਇਤ ਹੈ ਕਿ ਇਸ ਤਰ੍ਹਾਂ ਅਣਵਰਤੋਂ ਯੋਗ ਪਏ ਪੁਰਾਣੇ ਸਮਾਨ ਨੂੰ ਡਿਸਪੋਜ਼ ਆਫ ਕਰਨ ਲਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

2.0 ਡਿਸਪੋਜ ਆਫ ਕੀਤੇ ਗਏ ਅਣਵਰਤਣ ਯੋਗ ਸਮਾਨ ਤੋ ਪ੍ਰਾਪਤ ਰਾਸ਼ੀ ਨੂੰ ਸਕੂਲ ਮੈਨੇਜਮੈਂਟ ਕਮੇਟੀ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤਾ ਜਾਵੇ ਅਤੇ ਇਸ ਰਕਮ ਨੂੰ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਹੋਰ ਸਕੂਲੀ ਲੋੜਾਂ ਦੀ ਪੂਰਤੀ ਲਈ ਵਰਤੋਂ ਵਿਚ ਲਿਆ ਦਿੱਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ